# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਆਵਾਜਾਈ ਅਤੇ ਲੌਜਿਸਟਿਕਸ ਬਿਊਰੋ

ਆਵਾਜਾਈ ਅਤੇ ਲੌਜਿਸਟਿਕਸ ਬਿਊਰੋ (Transport and Logistics Bureau) ("ਟੀਐਲਬੀ") ਮੁੱਖ ਤੌਰ ਤੇ ਹਾਂਗ ਕਾਂਗ ਦੀ ਅੰਦਰੂਨੀ ਅਤੇ ਬਾਹਰੀ ਆਵਾਜਾਈ ਨਾਲ ਜੁੜੇ ਮਾਮਲਿਆਂ, ਜਿਨ੍ਹਾਂ ਵਿਚ ਜ਼ਮੀਨ ਅਤੇ ਜਲ-ਮਾਰਗ ਆਵਾਜਾਈ, ਹਵਾਈ ਅਤੇ ਸਮੁੰਦਰੀ ਸੰਚਾਰ ਅਤੇ ਮਾਲ ਢੋਆ-ਢੁਆਈ ਵਿਕਾਸ ਸ਼ਾਮਲ ਹੈ, ਬਾਰੇ ਨੀਤੀਆਂ ਬਣਾਉਣ ਲਈ ਜ਼ਿੰਮੇਵਾਰ ਹੈ। ਆਵਾਜਾਈ ਦਫ਼ਤਰ ਜਨਤਾ ਨੂੰ ਉਹਨਾਂ ਦੇ ਨਸਲੀ ਮੂਲ ਦੀ ਪਰਵਾਹ ਕੀਤੇ ਬਿਨਾਂ ਮਿਆਰੀ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

| | |
|---|---|
| ਮੌਜੂਦਾ ਉਪਾਅ | • ਜਨਤਾ ਨੂੰ ਮੁਹੱਈਆ ਕੀਤੀ ਜਾਂਦੀ ਸੇਵਾ ਚੀਨੀ ਅਤੇ / ਜਾਂ ਅੰਗਰੇਜ਼ੀ ਦੋਵਾਂ ਵਿੱਚ ਦਿੱਤੀ ਜਾਂਦੀ ਹੈ। |
| | • ਟੀਐਲਬੀ ਦੀ ਵੈੱਬਸਾਈਟ ਵਿਚ ਦਿੱਤੀ ਜਾਣਕਾਰੀ ਆਮ ਤੌਰ 'ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿਚ ਹੁੰਦੀ ਹੈ। |
| | • ਟੀਐਲਬੀ ਅੱਠ ਭਾਸ਼ਾਵਾਂ, ਜਿਵੇਂ ਕਿ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ ਵਿਚ ਵਿਆਖਿਆ / ਅਨੁਵਾਦ ਸੇਵਾ ਦਾ ਪ੍ਰਬੰਧ ਕਰੇਗਾ, ਜਿਥੇ ਉਚਿੱਤ ਅਤੇ ਸੰਭਵ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਟੀਐਲਬੀ ਸਮੇਂ-ਸਮੇਂ ਤੇ ਆਪਣੀਆਂ ਸੇਵਾਵਾਂ ਦਾ ਮੁਲਾਂਕਣ ਕਰੇਗਾ ਅਤੇ ਜਰੂਰੀ ਹੋਣ ਤੇ ਸੁਧਾਰ ਕਰੇਗਾ। |
| ਕੀਤੇ ਜਾਣ ਵਾਲੇ ਵਾਧੂ ਉਪਾਅ | • ਟੀਐਲਬੀ ਆਪਣੇ ਸਟਾਫ ਦੇ ਮੈਂਬਰਾਂ ਨੂੰ ਵੱਖ-ਵੱਖ ਜਾਤੀ ਦੇ ਲੋਕਾਂ ਦੇ ਸਭਿਆਚਾਰ ਅਤੇ ਆਦਤਾਂ ਸੰਬੰਧੀ ਨਸਲੀ ਬਰਾਬਰਤਾ ਅਤੇ ਚੌਕਸੀ ਬਾਰੇ ਜਾਗਰੂਕਤਾ ਵਧਾਉਣ ਲਈ ਸਿਖਲਾਈ ਕੋਰਸਾਂ ਵਿਚ ਜਾਣ ਲਈ ਉਤਸ਼ਾਹਿਤ ਕਰੇਗਾ। |

ਪੁੱਛਗਿੱਛ ਲਈ, ਕਿਰਪਾ ਕਰਕੇ ਸੀਨੀਅਰ ਕਾਰਜਕਾਰੀ ਅਧਿਕਾਰੀ (ਆਵਾਜਾਈ ਅਤੇ ਲੌਜਿਸਟਿਕਸ) 1 (Senior Executive Officer (Transport and Logistics)1) ਨਾਲ enquiry@tlb.gov.hk ਤੇ ਈ-ਮੇਲ ਦੁਆਰਾ ਸੰਪਰਕ ਕਰੋ ਜਾਂ 2868 4643 ਤੇ ਫੈਕਸ ਕਰੋ।

**ਆਵਾਜਾਈ ਅਤੇ ਲੌਜਿਸਟਿਕਸ ਬਿਊਰੋ (Transport and Logistics Bureau)**

**ਮਈ 2025**